# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

# ਪ੍ਰੈਸ ਨੋਟ

ਚੰਡੀਗੜ੍ਹ, 1 ਸਤੰਬਰ :- ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕਾਰ ਸ਼੍ਰੀ ਪ੍ਰਦੀਪ ਮਹਿਰਾ ਨੇ ਅੱਜ ਲੀ ਕਾਰਬੂਜੀਅਰ ਸੈਂਟਰ ਸੈਕਟਰ 19 ਦਾ ਦੌਰਾ ਕੀਤਾ। ਉਹਨਾਂ ਨੇ ਸੈਂਟਰ ਵਿਚ ਸ਼੍ਰੀ ਲੀ ਕਾਰਬੂਜ਼ੀਅਰ ਨਾਲ ਸੰਬੰਧਿਤ ਫੋਟੋਆਂ, ਚਿੱਠੀਆਂ ਅਤੇ ਹੋਰ ਚੀਜ਼ਾਂ ਦਾ ਮੁਆਇਨਾ ਕੀਤਾ।

ਸ਼੍ਰੀ ਮਹਿਰਾ ਨੇ ਸੈਂਟਰ ਦੀ ਦੁਕਾਨ ਦਾ ਵੀ ਦੌਰਾ ਕੀਤਾ ਜਿੱਥੇ ਵੇਚਣ ਲਈ ਬਹੁਤ ਸਾਰੀਆਂ ਚੀਜ਼ਾਂ ਰੱਖੀਆਂ ਗਈਆਂ ਹਨ। ਉਹਨਾਂ ਨੇ ਚੰਡੀਗੜ੍ਹ ਨਾਲ ਸਬੰਧਿਤ ਖਾਸ ਚੀਜ਼ਾਂ ਨੂੰ ਇੱਕਠੀਆਂ ਕਰਨ ਦੇ ਯਤਨ ਦੀ ਪ੍ਰਸ਼ੰਸਾ ਕੀਤੀ।

ਟੂਰਿਜ਼ਮ ਡਾਇਰੈਕਟਰ ਸ਼੍ਰੀਮਤੀ ਅਮਨਦੀਪ ਕੌਰ, ਜੰਗਲਾਤ ਕੰਜ਼ਰਵੇਟਰ ਸ਼੍ਰੀ ਸੰਤੋਸ਼ ਕੁਮਾਰ ਅਤੇ ਲੀ ਕਾਰਬੂਜੀਅਰ ਸੈਂਟਰ ਦੇ ਨੋਡਲ ਅਫਸਰ ਸ਼੍ਰੀ ਵੀ.ਐਨ ਸਿੰਘ ਵੀ ਸਲਾਹਕਾਰ ਨਾਲ ਦੌਰੇ ਵਿਚ ਸ਼ਾਮਿਲ ਹੋਏ।